

# ਇੱਕ ਨਜ਼ਰ ਵਿੱਚ
# ਵਿਦਿਆਰਥੀ ਨਿਯੋਜਿਤ ਕਾਨਫਰੰਸਾਂ

## ਕਾਨਫਰੰਸ ਨੂੰ ਪ੍ਰਭਾਵੀ ਅਤੇ ਸਫ਼ਲ ਬਣਾਉਣ ਲਈ ਸਾਰੇ ਪਰਿਵਾਰਾਂ ਨੂੰ ਕਿਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ

ਮਾਪੇ + ਸਕੂਲ = ਵਿਦਿਆਰਥੀ ਦੀ ਸਫ਼ਲਤਾ

### ਵਿਦਿਆਰਥੀ ਨਿਯੋਜਿਤ ਕਾਨਫਰੰਸ ਰਿਵਾਇਤੀ ਮਾਪਾ/ਅਧਿਆਪਕ ਕਾਨਫਰੰਸ ਨਾਲੋਂ ਵੱਖਰੀ ਹੈ।

ਵਿਦਿਆਰਥੀ ਨਿਯੋਜਿਤ ਕਾਨਫਰੰਸ ਦੌਰਾਨ, ਬੱਚਾ ਕਾਨਫਰੰਸ ਦੀ ਅਗਵਾਈ ਕਰਦਾ ਹੈ ਅਤੇ ਸਾਰੀ ਗੱਲਬਾਤ ਜ਼ਿਆਦਾਤਰ ਉਹੀ ਕਰਦਾ ਹੈ। ਅਧਿਆਪਕ ਅੱਗੇ ਹੋ ਕੇ ਵਿਦਿਆਰਥੀਆਂ ਦੇ ਨਾਲ ਕੰਮ ਕਰਦੇ ਹਨ ਤਾਂ ਕਿ ਉਹ ਆਪਣੀਆਂ ਮੌਜੂਦਾ ਉਪਲਬਧੀਆਂ ਅਤੇ ਅਗਲੇ ਕਦਮਾਂ ਬਾਰੇ ਵਾਰਤਾਲਾਪ ਦੀ ਅਗਵਾਈ ਕਰਨ ਲਈ ਤਿਆਰ ਰਹਿਣ। ਅਧਿਆਪਕ ਦੀ ਭੂਮਿਕਾ ਸਵਾਲਾਂ ਦੇ ਜਵਾਬ ਦੇਣ ਲਈ ਕੋਲ ਰਹਿਣ ਦੀ ਹੈ, ਪਰ ਅਧਿਆਪਕ ਕਾਨਫਰੰਸ ਦੀ ਅਗਵਾਈ ਨਹੀਂ ਕਰਦਾ ਹੈ।

### ਬੱਚਿਆਂ ਲਈ ਵਿਦਿਆਰਥੀ ਨਿਯੋਜਿਤ ਕਾਨਫਰੰਸ ਦਾ ਉਦੇਸ਼ ਆਪਣੇ ਵਿਅਕਤੀਗਤ ਕੰਮਕਾਜ ਅਤੇ ਉਪਲਬਧੀ ਡੇਟਾ ਦੇ ਅਧਾਰ 'ਤੇ ਸਿੱਖਿਆ ਲਈ ਆਪਣੀਆਂ ਯੋਗਤਾਵਾਂ ਅਤੇ ਅਗਲੇ ਕਦਮਾਂ ਦੀ ਸੰਖੇਪ ਵਿਆਖਿਆ ਕਰਨਾ ਹੈ। ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਵਿਅਕਤੀਗਤ ਯੋਗਤਾਵਾਂ ਅਤੇ ਟੀਚਾਬੱਧ ਖੇਤਰਾਂ ਬਾਰੇ ਕਾਨਫਰੰਸ ਵਿੱਚ ਸਹਿਮਤ ਹੋਣਾ ਚਾਹੀਦਾ ਹੈ।

ਕਾਨਫਰੰਸ ਦੇ ਦੌਰਾਨ, ਤੁਹਾਡਾ ਬੱਚਾ ਤੁਹਾਨੂੰ ਆਪਣੇ ਸਭ ਤੋਂ ਹਾਲੀਆ ਉਪਲਬਧੀ ਡੇਟਾ ਦੇ ਨਾਲ-ਨਾਲ ਆਪਣੇ ਕੰਮ ਦੇ ਉਨ੍ਹਾਂ ਉਦਾਹਰਣਾਂ ਬਾਰੇ ਦੱਸੇਗਾ ਜੋ ਗ੍ਰੇਡ ਪੱਧਰ ਅਤੇ ਖੇਤਰੀ ਵਿਸ਼ੇ ਵਿੱਚੋਂ ਕੁੱਝ ਸਭ ਤੋਂ ਜ਼ਰੂਰੀ ਸਿੱਖਿਆ ਨੂੰ ਦਰਸਾਉਂਦੇ ਹਨ। ਇਹ ਸੁਵਿਚਾਰਿਆ ਦ੍ਰਿਸ਼ਟੀਕੋਣ ਹੈ। ਉਪਲਬਧੀ ਉਦੋਂ ਵਧਦੀ ਹੈ ਜਦੋਂ ਬੱਚੇ ਦੂਜਿਆਂ ਨੂੰ ਇਹ ਵਿਆਖਿਆ ਕਰਨ ਦੇ ਯੋਗ ਹੁੰਦੇ ਹਨ ਕਿ ਉਨ੍ਹਾਂ ਨੇ ਹੁਣ ਤੱਕ ਕੀ ਸਿੱਖਿਆ ਹੈ ਅਤੇ ਨਾਲ ਹੀ ਗ੍ਰੇਡ-ਪੱਧਰ ਦੇ ਮਾਨਕਾਂ ਨਾਲ ਸੰਬੰਧਿਤ ਉਨ੍ਹਾਂ ਦੀ ਸਿੱਖਿਆ ਵਿੱਚ ਅਗਲੇ ਕਦਮ ਕੀ ਹਨ।

### ਜੇਕਰ ਕਾਨਫਰੰਸ ਤੋਂ ਬਾਅਦ ਤੁਹਾਨੂੰ ਕੋਈ ਵੀ ਚਿੰਤਾਵਾਂ ਜਾਂ ਸਵਾਲ ਹੁੰਦੇ ਹਨ ਤਾਂ ਤੁਸੀਂ ਅਧਿਆਪਕ ਨਾਲ ਅਲੱਗ ਤੋਂ ਮੀਟਿੰਗ ਵੀ ਤੈਅ ਕਰ ਸਕਦੇ ਹੋ।

ਭਾਵੇਂ ਤੁਹਾਡਾ ਬੱਚਾ ਅਤੇ ਅਧਿਆਪਕ ਜ਼ਿਆਦਾਤਰ ਸਵਾਲਾਂ ਦੇ ਜਵਾਬ ਦੇਣ ਅਤੇ ਇਹ ਵਿਆਖਿਆ ਕਰਨ ਦੇ ਸਮਰੱਥ ਹੁੰਦਾ ਹੈ ਕਿ ਤੁਸੀਂ ਘਰੇ ਸਿੱਖਿਆ ਵਿੱਚ ਕਿਵੇਂ ਸਹਾਇਤਾ ਕਰ ਸਕਦੇ ਹੋ, ਪਰ ਕੁੱਝ ਪਰਿਵਾਰਾਂ ਨੂੰ ਸਵਾਲ ਜਾਂ ਚਿੰਤਾਵਾਂ ਹੁੰਦੀਆਂ ਹਨ ਜਿਸ ਲਈ ਬਾਅਦ ਵਿੱਚ ਅਧਿਆਪਕ ਨਾਲ ਮੀਟਿੰਗ ਦੀ ਲੋੜ ਪਵੇਗੀ। ਜੇਕਰ ਕਾਨਫਰੰਸ ਦਾ ਨਤੀਜਾ ਨਿਕਲਣ ਤੋਂ ਬਾਅਦ ਵੀ ਕੋਈ ਚਿੰਤਾਵਾਂ ਜਾ ਸਵਾਲ ਰਹਿ ਜਾਂਦੇ ਹਨ ਤਾਂ ਅਧਿਆਪਕ ਨਾਲ ਅਲੱਗ ਤੋਂ ਮੀਟਿੰਗ ਬੁਲਾਉਣ ਲਈ ਹਰੇਕ ਪਰਿਵਾਰ ਦਾ ਸੁਆਗਤ ਕੀਤਾ ਜਾਂਦਾ ਹੈ।

### ਜੇਕਰ ਸਕੂਲ ਸਾਲ ਦੇ ਦੌਰਾਨ ਤੁਸੀਂ ਘਰੇ ਯੋਗਤਾਵਾਂ ਅਤੇ ਅਗਲੇ ਕਦਮਾਂ ਬਾਰੇ ਗੱਲਬਾਤ ਜਾਰੀ ਰੱਖਦੇ ਹੋ ਤਾਂ ਤੁਸੀਂ ਆਪਣੇ ਬੱਚੇ ਦੀ ਉਪਲਬਧੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹੋ।

ਕਾਨਫਰੰਸ ਦੇ ਦੌਰਾਨ ਤੁਸੀਂ ਆਪਣੇ ਬੱਚੇ ਦੀਆਂ ਵਿਅਕਤੀਗਤ ਯੋਗਤਾਵਾਂ ਅਤੇ ਸਿੱਖਿਆ ਦੇ ਅਗਲੇ ਕਦਮਾਂ ਬਾਰੇ ਜੋ ਕੁੱਝ ਸਿੱਖਦੇ ਹੋ, ਉਸ ਨਾਲ ਆਪਣੇ ਬੱਚੇ ਤੋਂ ਸਕੂਲ ਬਾਰੇ ਪੁੱਛੇ ਜਾਣ ਵਾਲੇ ਸਵਾਲ "ਅੱਜ ਸਕੂਲ ਕਿਵੇਂ ਰਿਹਾ?" ਤੋਂ ਬਦਲ ਕੇ ਇੱਕ ਸਿਖਿਆਰਥੀ ਦੇ ਰੂਪ ਵਿੱਚ ਉਸ ਦੁਆਰਾ ਕੀਤੀ ਜਾਣ ਵਾਲੀ ਤਰੱਕੀ ਬਾਰੇ ਸਵਾਲਾਂ ਵਿੱਚ ਤਬਦੀਲ ਹੋ ਜਾਣਗੇ। ਇਹ ਬੱਚਿਆਂ ਲਈ ਇੱਕ ਸ਼ਕਤੀਸ਼ਾਲੀ ਪ੍ਰੇਰਕ ਹੈ ਅਤੇ ਸਕੂਲ ਬਾਰੇ ਉਤਸੁਕਤਾ ਵਧਾਉਂਦਾ ਹੈ!

### ਅਸੀਂ ਵਿਦਿਆਰਥੀ-ਨਿਯੋਜਿਤ ਕਾਨਫਰੰਸ ਬਾਰੇ ਤੁਹਾਡੇ ਸਵਾਲਾਂ ਅਤੇ ਵਿਚਾਰਾਂ ਦਾ ਸੁਆਗਤ ਕਰਦੇ ਹਾਂ।

ਸਾਡੇ ਕੰਮ ਅਜੇ ਚੱਲ ਰਿਹਾ ਹੈ, ਅਤੇ ਅਸੀਂ ਆਪਣੇ ਕੰਮ ਵਿੱਚ ਸੁਧਾਰ ਕਰਨ ਦੇ ਸੰਬੰਧ ਵਿੱਚ ਵਿਚਾਰ ਅਤੇ ਫੀਡਬੈਕ ਪ੍ਰਦਾਨ ਕਰਨ ਲਈ ਪਰਿਵਾਰਾਂ ਉੱਤੇ ਨਿਰਭਰ ਕਰਦੇ ਹਾਂ। ਜੇਕਰ ਤੁਹਾਨੂੰ ਵਿਦਿਆਰਥੀ ਨਿਯੋਜਿਤ ਕਾਨਫਰੰਸਾਂ ਬਾਰੇ ਕੋਈ ਵੀ ਸਵਾਲ ਜਾਂ ਇਸ ਸੰਬੰਧੀ ਵਿਚਾਰ ਹਨ ਕਿ ਅਸੀਂ ਪ੍ਰਕਿਰਿਆ ਨੂੰ ਕਿਵੇਂ ਸੁਧਾਰ ਸਕਦੇ ਹਾਂ, ਤਾਂ ਅਸੀਂ ਤੁਹਾਡਾ ਸੁਆਗਤ ਕਰਦੇ ਹਾਂ! ਜੇਕਰ ਤੁਸੀਂ ਵਿਦਿਆਰਥੀ ਨਿਯੋਜਿਤ ਕਾਨਫਰੰਸਾਂ ਬਾਰੇ ਹੋਰ ਜਾਣਨਾ ਚਾਹੁੰਦੇ ਹੋ ਜਾਂ ਇਸ ਸੰਬੰਧੀ ਕੋਈ ਸੁਝਾਅ ਹਨ ਕਿ ਅਸੀਂ ਪ੍ਰਕਿਰਿਆ ਨੂੰ ਕਿਵੇਂ ਸੁਧਾਰ ਸਕਦੇ ਹਾਂ ਤਾਂ ਕਿਰਪਾ ਕਰਕੇ ਆਪਣੀ ਪ੍ਰਿੰਸੀਪਲ ਬਿਲਡਿੰਗ ਵਿੱਚ ਪਹੁੰਚ ਕਰੋ।

ਵਿਦਿਆਰਥੀ ਨਿਯੋਜਿਤ ਕਾਨਫਰੰਸਾਂ ਸੰਬੰਧੀ ਉਪਯੋਗੀ ਸੰਸਾਧਨਾਂ ਲਈ ਅਤੇ ਆਪਣੇ ਬੱਚੇ ਦੀ SLC ਦਾ ਸਮਾਂ ਨਿਰਧਾਰਤ ਕਰਨ ਵਾਸਤੇ ਸਾਡੀ ਵੈੱਬਸਾਈਟ ਉੱਤੇ ਜਾਓ:
www.fwps.org/slc

FEDERAL WAY PUBLIC SCHOOLS
Each Scholar: A voice. A dream. A BRIGHT future.



ਹਰ ਵਿਦਿਆਰਥੀ: ਇੱਕ ਆਵਾਜ਼. ਇੱਕ ਸੁਪਨਾ. ਇੱਕ ਉੱਜਲ ਭਵਿੱਖ.